# ਇੰਸਟੀਚਿਊਟ ਮੈਨਜਮੈਂਟ ਕਮੇਟੀ ਵੱਲੋਂ ਪਦਮਸ਼੍ਰੀ ਭਾਈ ਨਿਰਮਲ ਸਿੰਘ ਖ਼ਾਲਸਾ ਸਰਕਾਰੀ ਆਈ. ਟੀ. ਆਈ. ਸੰਸਥਾ ਦਾ ਦੌਰਾ



*ਪਦਮਸ਼੍ਰੀ ਭਾਈ ਨਿਰਮਲ ਸਿੰਘ ਖ਼ਾਲਸਾ ਸਰਕਾਰੀ ਆਈ. ਟੀ. ਆਈ. ਲੋਹੀਆਂ ਖਾਸ ਸੰਸਥਾ ਦੇ ਦੌਰੇ ਦੌਰਾਨ ਇੰਸਟੀਚਿਊਟ ਮੈਨਜਮੈਂਟ ਕਮੇਟੀ। (ਧੀਰ)*

ਸੁਲਤਾਨਪੁਰ ਲੋਧੀ, 24 ਅਪ੍ਰੈਲ (ਧੀਰ)-ਇੰਸਟੀਚਿਊਟ ਮੈਨਜਮੈਂਟ ਕਮੇਟੀ ਵੱਲੋਂ ਸ਼ਕਤੀ ਸਿੰਘ ਸਹਾਇਕ ਡਾਇਰੈਕਟਰ ਦੀ ਅਗਵਾਈ ਹੇਠ ਨਵ-ਨਿਰਮਾਣਤ ਪਦਮਸ਼੍ਰੀ ਭਾਈ ਨਿਰਮਲ ਸਿੰਘ ਖ਼ਾਲਸਾ ਸਰਕਾਰੀ ਆਈ. ਟੀ. ਆਈ. ਲੋਹੀਆਂ ਖਾਸ ਸੰਸਥਾ ਦਾ ਦੌਰਾ ਕੀਤਾ ਗਿਆ। ਇੰਸਟੀਚਿਊਟ ਮੈਨਜ਼ਮੈਂਟ ਕਮੇਟੀ ਵਿਚੋਂ ਮਯੰਕ ਜੈਨ ਚੇਅਰਮੈਨ, ਗੋਪਾਲ ਕ੍ਰਿਸ਼ਨ ਮੈਂਬਰ, ਸ਼ਿਵ ਰਤਨ ਅਗਰਵਾਲ ਮੈਂਬਰ, ਰਿਧੀਮਾ ਜੈਨ ਮੈਂਬਰ ਅਤੇ ਵਿਕਰਮ ਅਨੰਦ ਮੈਂਬਰ ਵੱਲੋਂ ਸੰਸਥਾ ਦੀ ਨਵੀਂ ਬਣੀ ਇਮਾਰਤ ਦਾ ਨਿਰੀਖਣ ਕੀਤਾ ਗਿਆ।

ਰੇਲ ਟੈਕ ਕਪੂਰਥਲਾ ਵੱਲੋਂ ਸੁਰੇਸ਼ ਜੈਨ ਨੇ ਖਾਸ ਤੌਰ 'ਤੇ ਇਸ ਸੰਸਥਾ ਦਾ ਲੋਹੀਆਂ ਖਾਸ ਨੂੰ ਦੇਣ ਲਈ ਸਰਕਾਰ ਦਾ ਧੰਨਵਾਦ ਕੀਤਾ ਅਤੇ ਇਸ ਸੰਸਥਾ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਹਰ ਸੰਭਵ ਸਹਾਇਤਾ ਦੇਣ ਦਾ ਭਰੋਸਾ ਦਿਵਾਇਆ ਗਿਆ। ਇਸ ਮੌਕੇ ਸੰਸਥਾ ਦੇ ਪ੍ਰਿੰਸੀਪਲ ਜਸਮਿੰਦਰ ਸਿੰਘ, ਪ੍ਰਿੰਸੀਪਲ ਸਰਕਾਰੀ ਆਈ.ਟੀ.ਆਈ. ਸੁਲਤਾਨਪੁਰ ਲੋਧੀ ਮੋਨਿਕਾ ਤਿਵਾੜੀ, ਸਵਰਨ ਸਿੰਘ ਇੰਸ. ਪੰਕਜ਼ ਕੁਮਾਰ ਅਰੋੜਾ ਇੰਸ, ਦਿਲਬਾਗ ਸਿੰਘ ਸੀ.ਸ. ਨਰਿੰਦਰਪਾਲ ਸਿੰਘ ਕਲਰਕ ਵਲੋਂ ਭਵਿੱਖ ਵਿੱਚ ਸੰਸਥਾ ਦੀ ਤਰੱਕੀ ਲਈ ਹਰ ਸੰਭਵ ਯਤਨ ਕਰਨ ਦਾ ਭਰੋਸਾ ਦਿਵਾਇਆ। ਇਸ ਮੌਕੇ ਕਾਰਜਕਾਰੀ ਇੰਜ. ਅਦੇਸ਼ ਗਰਗ ਅਤੇ ਐੱਸ.ਡੀ.ਓ. ਰੋਹਨ ਨੇ ਇਸ ਇਮਾਰਤ ਦੀਆਂ ਖ਼ੂਬੀਆਂ ਬਾਰੇ ਜਾਣੂ ਕਰਵਾਇਆ।

ਸੰਸਥਾ ਦੇ ਪ੍ਰਿੰਸੀਪਲ ਜਸਮਿੰਦਰ ਸਿੰਘ ਨੇ ਸ਼ੈਸ਼ਨ 2024-2025 ਲਈ ਸੰਸਥਾ ਵਿਚ ਵੈਲਡਰ, ਪਲੰਬਰ, ਇਲੈਕਟ੍ਰੀਸ਼ਨ, ਮਕੈਨਿਕ ਇਲੈਕਟ੍ਰਿਕ ਵਹੀਕਲ ਅਤੇ ਫਿਟਰ ਟਰੇਡਾਂ ਵਿਚ ਦਾਖ਼ਲਾ ਕਰਨ ਦੀ ਜਾਣਕਾਰੀ ਦਿੱਤੀ ਅਤੇ ਆਈ. ਐੱਮ. ਸੀ. ਨੇ ਸਮੂਹ ਸਟਾਫ ਨੂੰ ਦਾਖਲੇ ਸਬੰਧੀ ਪੂਰੇ ਯਤਨਾਂ ਨਾਲ ਮਿਹਨਤ ਕਰਨ ਲਈ ਹਦਾਇਤ ਦਿੱਤੀ ਅਤੇ ਦਾਖਲੇ ਸਬੰਧੀ ਜਾਣਕਾਰੀ ਲਈ ਸੰਸਥਾ ਦੇ ਹੈਲਪ ਡੈਸਕ ਨਾਲ ਸਪਰਕ ਕਰਨ ਲਈ ਕਿਹਾ ਗਿਆ।

ਇਸ ਮੌਕੇ ਪਿਛਲੇ ਸ਼ੈਸ਼ਨ 2022- 23 ਵਿੱਚ ਪਹਿਲੇ, ਦੂਜੇ ਅਤੇ ਤੀਜੇ ਸਥਾਨ ਹਾਸਲ ਕਰਨ ਵਾਲੇ ਸਿਖਿਆਰਥੀਆਂ ਨੂੰ ਚੇਅਰਮੈਨ ਸਾਹਿਬ ਵੱਲੋਂ ਸਨਮਾਨਿਤ ਕੀਤਾ ਗਿਆ। ਵਿਭਾਗ ਦੇ ਸਹਾਇਕ ਡਾਇਰੈਕਟਰ ਸ਼ਕਤੀ ਸਿੰਘ ਵਲੋਂ ਆਏ ਮਿਹਮਾਨਾਂ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ ਗਿਆ।